੧ੴ ਸਤਿਗੁਰ ਪ੍ਰਸਾਦਿ ॥

"ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ"

ਸਤਿਨਾਮ ਸ੍ਰੀ ਵਾਹਿਗੁਰੂ

ਧੰਨ ਗੁਰੂ ਨਾਨਕ

੧ੴ

ਧੰਨ ਗੁਰੂ ਨਾਨਕ

"ਅਰਾਧ ਏਕੰਕਾਰ ਸਾਚਾ ਨਿਤ ਦੇਇ ਚੜ੍ਹੇ ਸੁਵਾਇਆ"

## ਗੁਰਗੱਦੀ ਸ੍ਰੀ ਹਜ਼ੂਰ

# ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾ ਸਾਹਿਬ

ਸੰਤਾਨਕ ਜੋਤ ਧੰਨ ਗੁਰੂ ਨਾਨਕ ਪਾਤਸ਼ਾਹ

——

# ਸਿੱਖ ਰਾਜ ਦੇ ਥਾਪਨ ਵਾਲੇ

# ਹਰਤਾ ਕਰਤਾ


ਲੇਖਕ : *ਪ੍ਰਿੰਸੀਪਲ ਸਤਿਬੀਰ ਸਿੰਘ ਜੀ*



ਪ੍ਰਕਾਸ਼ਕ ਵੱਲੋਂ :—

**ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਬੇਦੀ**

(ਵਰਤਮਾਨ ਗੱਦੀਨਸ਼ੀਨ)

ਦਮਦਮਾ ਅਸਥਾਨ *ਪਿੰਡ* ਮਨਸੂਰਾਂ

(ਜ਼ਿਲਾ ਲੁਧਿਆਣਾ)

ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ
11ਵੀਂ ਸੰਤਾਨਕ ਜੋਤ ਗੁਰੂ ਨਾਨਕ ਪਾਤਸ਼ਾਹ



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

ਸਿਖ ਪੰਥ ਦੀ ਮਹਾਨ ਸ਼ਖਸੀਅਤ—

# ਬਾਬਾ ਸਾਹਿਬ ਸਿੰਘ ਜੀ ਬੇਦੀ

(ਪ੍ਰਿੰਸੀਪਲ ਸਤਿਬੀਰ ਸਿੰਘ ਜੀ ਕਰਨਾਲ)

ਇਤਿਹਾਸ ਕਹਿੰਦਾ ਹੈ ਕਿ 'ਸਾਹਿਬ ਹੋਇ ਦਇਆਲ' ਦਾ ਗੁਰਵਾਕ ਉਸ ਸਮੇਂ ਆਇਆ ਸੀ ਜਦ ਬਾਬਾ ਅਜੀਤ ਸਿੰਘ ਨੇ ਆਪਣੇ ਨਵ ਜਨਮੇਂ ਸਪੁਤਰ ਲਈ ਗੁਰੂ ਗਰੰਥ ਸਾਹਿਬ ਤੋਂ ਨਾਂ ਦੀ ਯਾਚਨਾ ਕੀਤੀ ਸੀ। ਆਏ ਹੁਕਮ ਅਨੁਸਾਰ ਉਸ ਬਾਲਕ ਦਾ ਨਾਂ 'ਸਾਹਿਬ ਸਿੰਘ' ਰਖਿਆ ਗਇਆ। ਪਰ ਮੈਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਸੱਚਾ ਪਾਤਸ਼ਾਹ ਸਚਮੁਚ ਸਿਖ ਕੌਮ ਉਤੇ ਦਇਆਲ ਹੋਇਆ ਤੇ ਉਨ੍ਹਾਂ ਇਸ ਮਹਾਨ ਸ਼ਖੀਸੀਅਤ ਨੂੰ ਪੰਥ ਦੀ ਅਗਵਾਈ ਕਰਨ ਲਈ ਭੇਜਿਆ। ਲੈਪਲ ਗ੍ਰਿਫਨ ਬਾਬਾ ਸਾਹਿਬ ਸਿੰਘ ਜੀ ਨੂੰ 'ਨਾਮਵਾਰ ਆਦਮੀ' ਕਹਿੰਦਾ ਹੈ ਜਿਸ ਨੇ ਬੇਦੀ ਕੁਲ ਦਾ ਨਾਂ ਉਜਾਗਰ ਕੀਤਾ ਪਰ ਇਹ ਉਸਦਾ ਭਰਮ ਸੀ, ਬਾਬਾ ਜੀ ਐਸੇ ਨਾਮਵਰ ਆਦਮੀ ਸਨ ਜਿਹਨਾਂ ਨੇ ਨਾ ਸਿਰਫ ਹਰ ਬਿਗੜੇ ਸਮੇਂ ਸਿਖ ਕੌਮ ਦੀ ਅਗਵਾਈ ਕੀਤੀ ਸਗੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਜੋਗ ਬਣਾਇਆ ਕਿ ਉਹ 'ਸਭ ਗਹਿਣਿਆਂ ਨੂੰ ਭੰਨ ਤੋੜ ਇਕ ਵਡਮੁਲਾ ਹੰਸ' ਬਣਾ ਸਕਣ ਜੇ ਬਾਬਾ ਸਾਹਿਬ ਸਿੰਘ ਜੀ ਦਾ ਵਸ ਚਲਦਾ ਤਾਂ ਅੰਗਰੇਜ਼ ਕਦੇ ਲੁਧਿਆਣਾ ਉਤੇ ਪੈਰ ਨਾ ਜਮਾਂਦਾ ਤੇ ਉਸ ਦਾ ਟਿਕਾਣਾ ਦਿਲੀਓਂ ਪਾਰ ਅਲੀਗੜ੍ਹ ਹੀ ਰਹਿੰਦਾ।

ਬਾਬਾ ਸਾਹਿਬ ਸਿੰਘ ਜੀ ਦਾ ਜਨਮ (1756 ਈ:) ਉਸ ਸਮੇਂ ਹੋਇਆ ਜਦ ਅਬਦਾਲੀ ਹਿੰਦੁਸਤਾਨ ਉਤੇ ਚੌਥੇ ਹਮਲੇ (ਨਵੰਬਰ 1756 ਈ:) ਦੀ ਤਿਆਰੀ ਕਰ ਰਿਹਾ ਸੀ। ਪੰਜਾਬ ਨੂੰ ਮੀਰਮੰਨੂੰ ਦੇ ਅਤਿਆਚਾਰ ਅਜੇ ਭੁਲੇ ਨਹੀਂ ਸਨ ਕਿ ਅਬਦਾਲੀ ਨੇ ਇਟ ਨਾਲ ਇਟ ਵਜਾਉਣੀ ਸ਼ੁਰੂ ਕਰ ਦਿਤੀ। ਸਿਖ ਕੌਮ ਸਰਦਾਰ ਜੱਸਾ ਸਿੰਘ ਆਹਲੂ-ਵਾਲੀਆ ਦੀ ਅਗਵਾਈ ਹੇਠਾਂ ਹਰ ਟਾਕਰੇ ਦਾ ਮੁਕਾਬਲਾ ਕਰ ਰਹੀ ਸੀ। ਪਾਣੀਪਤ ਦੇ ਮੈਦਾਨ ਵਿਚ ਮਰਹਟਿਆਂ ਨੂੰ ਅਬਦਾਲੀ ਨੇ ਇਕ ਚਪੇੜ ਮਾਰੀ ਤੇ ਉਹਨਾਂ ਨੂੰ ਵੀਹ ਸਾਲ ਹੋਸ਼ ਨਾ ਆਈ ਪਰ ਜਦ ਉਸਨੇ ਕਰਾਰੀ ਸਟ ਸਿੰਘਾਂ ਨੂੰ 1762 ਦੀ 5 ਫਰਵਰੀ ਨੂੰ ਕੁਪ ਦੇ ਮੈਦਾਨ ਵਿਚ ਮਾਰੀ ਤਾਂ ਬਹੁਤਿਆਂ ਦਾ ਇਹ ਖਿਆਲ ਸੀ ਕਿ ਸ਼ਾਇਦ ਸਿਖ ਕੌਮ ਉਸ ਮਾਰ ਤੋਂ ਬਾਅਦ ਕਦੇ ਉਠ ਨਾ ਸਕੇ ਪਰ ਦੁਨੀਆਂ ਨੇ ਦੇਖਿਆ ਅਤੇ ਇਤਿਹਾਸਕਾਰਾਂ ਗਵਾਹੀ ਦਿਤੀ ਕਿ 3 ਮਹੀਨਿਆਂ ਉਪਰੰਤ ਹੀ ਸਿੰਘਾਂ ਦੇ ਜਥਿਆਂ ਨੇ ਅਬਦਾਲੀ ਨੂੰ ਜਾ ਲਿਆ ਤੇ ਉਸ ਦੇ ਕੈਂਪਾਂ ਵਿਚ ਜਾ ਜਾ ਲਾਹੌਰ ਲਾਗੇ ਹਮਲੇ ਕੀਤੇ। ਅਬਦਾਲੀ ਐਨਾ

ਘਬਰਾਇਆ ਕਿ ਉਸ ਨੇ ਮਾਰੋ ਨੀਤੀ ਛਡ ਦੇ ਪਾੜੋ ਨੀਤੀ ਦਾ ਸਹਾਰਾ ਲਿਆ। ਪਰ ਸਿਖ ਕੌਮ ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਵਿਚ ਪੜ੍ਹੇ ਸਭ ਸਬਕ ਸਿਖ ਚੁਕੀ ਸੀ। ਅਬਦਾਲੀ ਨੇ ਜਦ ਭਾ: ਗੁਜਰ ਸਿੰਘ ਭੰਗੀ ਨੂੰ ਸੂਬੇਦਾਰੀ ਦਾ ਫਰਮਾਨ ਦੋਸ਼ਾਲਾ ਤੇ ਕਾਬਲ ਦੇ ਮੇਵੇ ਭੇਜੇ ਤਾਂ ਉਹਨਾਂ ਨੇ ਮੋੜਵੇਂ ਉਤਰ ਵਿਚ ਇਕ ਲੀਰਾਂ ਲੱਥਾ ਭੂਰਾ, ਗੋਂਗਲੂ ਤੇ ਛੋਲੇ ਅਤੇ ਕਾਗਜ ਦੇ ਪੁਰਜੇ ਉਤੇ 'ਸਿੰਘ ਹੋਇ ਰਾਖੈ ਕਿਮ ਕਾਨ। ਐਰੇ ਗੈਰੇ ਕਾ ਮੰਨੈ ਫੁਰਮਾਨ' ਲਿਖ ਕੇ ਭੇਜ ਦਿਤਾ। ਉਹਨਾਂ ਦਾ ਭਾਵ ਸੀ ਕਿ ਪਰਾਏ ਧੁੱਸਿਆ ਨਾਲੋਂ ਸਾਨੂੰ ਪਾਟੇ ਹੋਏ ਭੂਰੇ ਚੰਗੇ ਹਨ। ਇਲਾਕੇ ਦੇ ਗੋਂਗਲੂ ਹੀ ਸਾਡੇ ਲਈ ਸੇਬ ਹਨ ਤੇ ਮੇਵਿਆਂ ਦੇ ਟਾਕਰੇ ਛੋਲੇ ਪਿਆਰੇ ਹਨ। ਸਿੰਘਾਂ ਨੂੰ ਪਾਤਸ਼ਾਹੀ ਧੁਰ ਦਰਗਾਹ ਤੋਂ ਮਿਲੀ ਹੈ ਤੇ ਉਸ ਲਈ ਕਿਸੇ ਐਰੇ ਗੈਰੇ ਦੇ ਫਰਮਾਨ ਦੀ ਲੋੜ ਨਹੀਂ ਹੈ। ਅਬਦਾਲੀ ਉਪਰੰਤ ਉਸ ਦੇ ਪੁੱਤਰ ਤੈਮੂਰ ਦੀ ਜੁਰਅਤ ਨਾ ਹੋ ਸਕੀ ਕਿ ਉਹ ਪੰਜਾਬ ਉਤੇ ਹੱਲਾ ਕਰੇ। ਜਦ ਉਸ ਦੇ ਕੁਝ ਦੀਨੀ ਭਰਾਵਾਂ ਲਿਖਿਆ ਵੀ ਕਿ ਉਹ ਪੰਜਾਬ ਉਤੇ ਆਪਣੇ ਆਪ ਅਹਿਮਦ ਸ਼ਾਹ ਅਬਦਾਲੀ ਵਾਂਗੂ ਹੱਲਾ ਕਰੇ ਤਾਂ ਤੈਮੂਰ ਨੇ ਲਿਖਿਆ ਕਿ "ਮੇਰੇ ਪਿਉ ਨੇ ਕੀ ਖਟਿਆ ਸਿੱਖਾਂ ਉਤੇ ਹਮਲਾ ਕਰ ਕਰ ਕੇ।" ਸਿੱਖ ਉਸ ਸਮੇਂ (ਸੰਨ 1773 ਤੋਂ 1883 ਈ:) ਸਚਮੁਚ ਹੀ ਦੇਸ਼ ਦੇ ਮਾਲਕ ਸਨ। ਪੱਛਮ ਵਲੋਂ ਕਿਸੇ ਅਫ਼ਗਾਨੀ ਹਮਲੇ ਦੀ ਆਸ ਨਹੀਂ ਸੀ ਤੇ ਅੰਗਰੇਜ ਅਜੇ ਦੂਰ ਪੂਰਬ ਵਿਚ ਬੈਠਾ ਵਿਉਂਤਾਂ ਹੀ ਬਣਾ ਰਹਿਆ ਸੀ। ਮਰਹਟੇ ਅਜੇ ਪਈਆਂ ਸੱਟਾਂ ਨੂੰ ਹੀ ਸੇਕ ਰਹੇ ਸਨ। ਰਾਜਪੂਤ ਨਾਂ ਦੀ ਕੋਈ ਚੀਜ਼ ਹਿੰਦੁਸਤਾਨ ਵਿਚ ਨਹੀਂ ਰਹੀ ਸੀ। ਮੁਗਲਾਂ ਤਾਂ ਸੱਚਮੁੱਚ ਹੀ ਜ਼ਹਿਰ ਪਿਆਲੇ ਪੀ ਕੇ ਔਰੰਗਜ਼ੇਬੀ ਕੁਲ ਨੂੰ ਖਤਮ ਕਰ ਦਿੱਤਾ ਸੀ। ਜੇ ਉਸ ਸਮੇਂ ਸਿੱਖ ਕੌਮ ਇਕ ਝੰਡੇ ਹੇਠਾਂ ਇਕ ਮੁੱਠ ਹੋ ਜਾਂਦੀ ਤਾਂ ਸਮੁਚਾ ਦੇਸ਼ ਸਿੱਖਾਂ ਦੀਆ ਤਲੀਆਂ ਹੇਠਾਂ ਹੋਣਾ ਸੀ। ਸਭ ਪਾਸੇ ਆਪੋ ਧਾਪੀ ਪੈ ਗਈ। ਅਗੇ ਤਾਂ ਬਾਹਰਲਾ ਖਤਰਾ ਇਹਨਾਂ ਨੂੰ ਇਕੱਠਾ ਕਰ ਦਿੰਦਾ ਸੀ। ਉਸ ਦੀ ਅਨਹੋਂਦ ਵਿਚ ਕਿਸੇ ਅੰਦਰੂਨੀ ਆਤਮਕ ਸ਼ਕਤੀ ਦੀ ਲੋੜ ਸੀ। ਬਾਬਾ ਸਾਹਿਬ ਸਿੰਘ ਜੀ ਨੇ ਉਹ ਬਖਸ਼ੀ ਤੇ ਕੌਮ ਬਿਲਕੁਲ ਖੇਰੂੰ ਖੇਰੂੰ ਹੋਣ ਤੋਂ ਬਚ ਗਈ।

ਬਾਬਾ ਸਾਹਿਬ ਸਿੰਘ ਜੀ ਨੇ ਛੋਟੀ ਉਮਰ ਵਿਚ ਹੀ ਨਾ ਸਿਰਫ ਸਾਰੇ ਗੁਰੂ ਗਰੰਥ ਸਾਹਿਬ ਦੇ ਟੀਕੇ ਸਹਿਤ ਅਰਥ ਪੜ੍ਹ ਲਏ ਸਗੋਂ ਸਾਰੇ ਸਿੱਖ ਇਤਿਹਾਸ ਅਤੇ ਪੁਰਾਣਿਕ ਮਿਥਿਹਾਸ ਦਾ ਅਧਿਐਨ ਵੀ ਕਰ ਲਿਆ। ਕੌਮਾਂ ਦੀਆਂ ਰਵਾਇਤਾਂ ਨੂੰ ਮੁੜ ਉਜਾਗਰ ਕਰਨ ਦਾ ਬੀੜਾ ਵੀ ਉਠਾ ਲਿਆ। ਉਹ ਦੇਖ ਰਹੇ ਸਨ ਕਿ ਰਾਜ ਰੌਲੇ ਕਰ ਕੇ ਦੋਖੀਆਂ ਨੇ ਕੀਮਤੀ ਰਵਾਇਤਾਂ ਹੀ ਮਿਟਾ ਦਿੱਤੀਆਂ ਸਨ ਤੇ ਸ਼ਬਦ ਬਾਣੀ ਦਾ ਸਤਿਕਾਰ ਬਹੁਤੇ ਲੋਕਾਂ ਵਿਚੋਂ ਅਲੋਪ ਹੋ ਰਹਿਆ ਸੀ। ਉਹਨਾਂ ਆਪ ਅਨੰਦਪੁਰ ਜਾ ਕੇ ਖੰਡੇ ਦਾ ਅੰਮ੍ਰਿਤ ਪਾਣ ਕੀਤਾ ਤੇ ਲੋਕਾਂ ਨੂੰ ਐਸਾ ਕਰਨ ਲਈ ਪ੍ਰੇਰਿਆ। ਪਹਾੜੀ ਇਲਾਕਿਆਂ ਵਿਚ ਸਿੱਖੀ

ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਕੇ ਮੈਦਾਨਾਂ ਵਿਚ ਨਿਤਰੇ । ਸ੍ਰੀ ਅੰਮ੍ਰਿਤਸਰ ਆ ਕੇ ਕੀਰਤਨ ਦੀ ਮਹੱਤਤਾ ਨੂੰ ਦ੍ਰਿੜ ਕਰਾਇਆ । ਰਬਾਬੀਆਂ ਦੇ ਜੱਥੇ ਬਣਾਏ ਤੇ ਇਕ ਰਬਾਬੀ ਦਾ ਜੱਥਾ ਆਪਣੇ ਨਾਲ ਰੱਖ ਪਿੰਡ ਪਿੰਡ ਪ੍ਰਚਾਰ ਕੀਤਾ । ਜਿਥੇ ਕੋਈ ਪਖੰਡੀ ਦੇਖਿਆ ਉਸ ਦਾ ਪਖੰਡ ਜਾਲ ਤੋੜਿਆ ਤੇ ਮਨਮਤ ਤੋਂ ਵਰਜਕੇ ਗੁਰਮਤ ਨਾਲ ਜੋੜਿਆ। ਸਿਮਰਨ, ਕੀਰਤਨ ਤੇ ਨਾਮ ਨਾਲ ਸੇਵਾ ਦਾ ਮਹੱਤਵ ਵੀ ਸਮਝਾਇਆ। ਇਕ ਵਾਰੀ ਆਪੂੰ ਘਰ ਦੀਆਂ ਸਾਰੀਆਂ ਬਾਰੀਆਂ ਤੇ ਦਰਵਾਜਿਆਂ ਦੀ ਲਕੜ ਆਏ ਸੰਤਾਂ ਦੇ ਲੰਗਰ ਬਨਾਉਣ ਲਈ ਝੋਂਕ ਕੇ "ਜੇ ਮੈਂ ਹੋਂਦਾ ਵਾਰਿਆਂ ਮਿਤਾ ਆਇੜਿਆਂ । ਹੇੜਾਂ ਜਲੇ ਮਜੀਠ ਜਿਉ ਉਪਰਿ ਅੰਗਾਰਾ" ਵਾਲੀ ਬਾਬਾ ਫ਼ਰੀਦ ਜੀ ਦੀ ਤੁਕ ਦੇ ਅਮਲੀ ਅਰਥ ਦਰਸਾ ਦਿਤੇ। ਇਨਾਂ ਕਾਰਨਾਮਿਆਂ ਸਦਕਾ ਪੰਥ ਵਿਚ ਆਪ ਜੀ ਦਾ ਆਦਰ ਵਧਿਆ ਤੇ ਸਾਰੇ ਆਪ ਜੀ ਨੂੰ ਕੋਮ ਦਾ ਬਾਬਾ ਆਖ਼ ਕੇ ਮਾਨ ਦੇਣ ਲਗ ਪਏ। ਜਿਸ ਵੇਲੇ ਵੀ ਪੰਥ ਵਿਚ ਦੁਚਿਤਾਪਣ ਆਇਆ ਆਪ ਜੀ ਨੇ ਪੁੱਜ ਕੇ ਸੋਧ ਦਿੱਤੀ, ਪੰਥ ਨੂੰ ਦੁਬਿਧਾ ਵਿਚੋਂ ਕਢਿਆ। ਆਪ ਤਲਵਾਰ ਦੇ ਵੀ ਧਨੀ ਸਨ ਤੇ ਜਦ ਵੀ ਅਣਖ ਉੱਤੇ ਹੱਲਾ ਹੁੰਦਾ ਸੁਣਿਆ ਬਗੈਰ ਕਿਸੇ ਮਦਦ ਦੇ ਉਸ ਨੂੰ ਸੋਧਨ ਲਈ ਪਹੁੰਚ ਗਏ।

ਬਾਬਾ ਸਾਹਿਬ ਸਿੰਘ ਜੀ ਦਾ ਸਾਰਾ ਜਤਨ ਇਹ ਸੀ ਕਿ ਪੰਥ ਨੂੰ ਕੋਈ ਐਸਾ ਆਗੂ ਮਿਲ ਜਾਵੇ ਜੋ ਮਿਸਲਾਂ ਦੀਆਂ ਲਕੀਰਾਂ ਨੂੰ ਮੇਟ ਕੇ "ਸਰਕਾਰ ਖਾਲਸਾ" ਬਣਾਏ। ਆਖਰ ਉਹਨਾਂ ਦੀ ਨਜ਼ਰ ਬਾਲਕ ਰਣਜੀਤ ਸਿੰਘ ਉਤੇ ਜਾ ਟਿਕੀ। ਉਨ੍ਹਾਂ ਦੀ ਦੂਰਦਰਸ਼ੀ ਅੱਖ ਨੇ ਦੇਖ ਲਿਆ ਕਿ ਉਸ ਬਾਲਕ ਵਿਚ ਸਾਰੇ ਉਹ ਗੁਣ ਹਨ ਜਿਨ੍ਹਾਂ ਦੀ ਕਿਸੇ ਆਗੂ ਵਿਚ ਲੋੜ ਹੁੰਦੀ ਹੈ। ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ ਵਾਲਿਆਂ ਨੇ ਬਾਬਾ ਜੀ ਦਾ ਨਾਂ ਖਾਲਸਾ ਰਾਜ ਦੇ ਉਸਰੀਏ ਦੀ ਲਿਸਟ ਵਿਚ ਲਿਖਿਆ ਹੈ ਪਰ ਠੀਕ ਗੱਲ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੀ ਹੋਂਦ ਹੀ ਉਨ੍ਹਾਂ ਕਰਕੇ ਰਹੀ। ਜਦੋਂ ਸਰਦਾਰ ਮਹਾਂ ਸਿੰਘ 1792 ਈ: ਵਿਚ ਚੜ੍ਹਾਈ ਕਰ ਗਏ ਤਾਂ ਇਹ ਡਰ ਸੀ ਕਿ ਵਿਰੋਧੀ ਰਣਜੀਤ ਸਿੰਘ ਨੂੰ ਬਾਲਕ ਜਾਣਕੇ ਮੂਲੋਂ ਹੀ ਨਾ ਮੁਕਾ ਦੇਣ। ਵਿਰੋਧੀਆਂ ਸਾਜ਼ਸ਼ ਵੀ ਬਣਾਈ। ਪਰ ਬਾਬਾ ਸਾਹਿਬ ਸਿੰਘ ਜੀ ਨੇ ਆਪ ਦਖਲ ਦੇ ਕੇ ਦੋਖੀਆਂ ਦੀ ਸਾਜਸ਼ ਕਾਮਯਾਬ ਨਾ ਹੋਣ ਦਿੱਤੀ, ਸਗੋਂ ਉੱਥੇ ਹੀ ਵਰ ਦਿਤੇ ਕਿ ਇਹ ਬਾਲਕ ਇਕ ਪ੍ਰਤਾਪੀ ਮਹਾਰਾਜਾ ਹੋਵੇਗਾ ਤੇ ਸਿੱਖੀ ਸ਼ਾਨ ਉਜਾਗਰ ਕਰੇਗਾ।

ਮਹਾਰਾਜਾ ਰਣਜੀਤ ਸਿੰਘ ਨੇ ਉਹ ਬਚਨ ਸਤ ਕਰ ਦਿਖਾਏ ਤੇ 18 ਸਾਲ ਦੀ ਉਮਰ ਵਿਚ ਹੀ ਸ਼ਾਹ ਜ਼ਮਾਨ ਨੂੰ ਜਾ ਲਲਕਾਰਿਆ । ਸ਼ਾਹ ਜ਼ਮਾਨ ਲਾਹੌਰ ਦੇ ਸ਼ਾਹੀ ਕਿਲ੍ਹੇ ਬੈਠਾ ਹੋਇਆ ਇਹ ਬੜ ਹਾਂਕ ਰਹਿਆ ਸੀ ਕਿ "ਦੇਖੇ ਹੋਏ ਨ ਸਿੱਖ ਜੋ ਮੇਰੇ ਘੋੜਿਆਂ ਦੇ ਸੁੰਮਾਂ ਦੀ ਆਵਾਜ਼ ਸੁਣ ਕੇ ਭੱਜ ਜਾਂਦੇ ਹਨ" । ਇਹ ਸ਼ਰੋਤ ਜਦ ਮਹਾਰਾਜਾ ਰਣਜੀਤ

ਸਿੰਘ ਨੂੰ ਮਿਲੀ ਤਾਂ ਉਹ ਕੇਵਲ ਵੀਹ ਸਵਾਰ ਲੈ ਕੇ ਸਿਧਾ ਸੰਮਨ ਬੁਰਜ ਹੇਠਾਂ ਪੁਜ ਗਇਆ ਤੇ ਗੋਲੀਆਂ ਚਲਾ ਲਲਕਾਰ ਕੇ ਬੋਲਿਆ, "ਓ, ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ! ਦੇਖ, ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਆਇਆ ਈ। ਬਾਹਰ ਆ ਤੇ ਇਸ ਨਾਲ ਦੋ ਦੋ ਹੱਥ ਕਰ ਲੈ।" ਮੁਨਸ਼ੀ ਸੋਹਨ ਲਾਲ ਲਿਖਦਾ ਹੈ ਕਿ ਅੰਦਰੋਂ ਕੋਈ ਉਤਰ ਨਾ ਆਇਆ ਤੇ ਰਣਜੀਤ ਸਿੰਘ ਸੂਰਗਮਤੀ ਦੀ ਛਾਪ ਲਗਾ ਕੇ ਮੁੜ ਗਇਆ। ਕਿਲ੍ਹੇ ਵਿਚ ਬੈਠੇ ਸ਼ਾਹ ਜ਼ਮਾਨ ਦਾ ਅੰਦਰਲਾ ਕੰਬ ਗਇਆ। ਉਸ ਨੇ ਆਪਣੇ ਏਲਚੀ ਸ੍ਰੀ ਅੰਮ੍ਰਿਤਸਰ ਭੇਜੇ ਕਿ ਉਹ ਲਾਹੌਰ ਤੇ ਪੰਜਾਬ ਦੀ ਨਵਾਬੀ ਸਿੱਖਾਂ ਨੂੰ ਦੇਣਾ ਚਾਹੁੰਦਾ ਹੈ। ਇਹ ਖਬਰ ਪਾ ਕੇ ਕਈ ਸਿੱਖ ਸਰਦਾਰ ਤਿਆਰ ਹੋ ਗਏ। ਇਥੋਂ ਤਕ ਕਿ ਰਣਜੀਤ ਸਿੰਘ ਨੇ ਵੀ ਆਪਣਾ ਮਸ਼ੀਰ ਲਾਹੌਰ ਭੇਜ ਦਿਤਾ। ਜਦ ਬਾਬਾ ਸਾਹਿਬ ਸਿੰਘ ਨੂੰ ਪਤਾ ਲਗਾ ਤਾਂ ਉਹ ਬਹੁਤ ਗੁੱਸੇ ਵਿਚ ਆਏ। ਝਟ ਲਾਹੌਰ ਪੁਜੇ ਤੇ ਸਿਖ ਸਰਦਾਰਾਂ ਨੂੰ ਇਕਠਿਆਂ ਕਰਕੇ ਝਾੜਾਂ ਪਾਈਆਂ। ਸਿਖੀ ਇਤਿਹਾਸ ਦੁਹਰਾ ਕੇ ਕਹਿਆ "ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਉਸ ਅਗੇ ਹੱਥ ਅਡਦੇ ਹੋ, ਜੋ ਆਪ ਤੁਹਾਡੇ ਤੋਂ ਥਰ ਥਰ ਕੰਬ ਰਹਿਆ ਹੈ। ਇਹ ਈਨ ਵਾਲਾ ਰਾਹ ਤੁਹਾਨੂੰ ਕਿਸ ਦਸਿਆ ? ਸਰਦਾਰੋ, ਭਿੱਖ ਮੰਗੇ ਕਿਸ ਦਿਨ ਤੋਂ ਹੋਏ ਹੋ। ਖਾਲਸਾ ਕੋਈ ਚੀਜ ਝੋਲੀ ਅੱਡ ਕੇ ਨਹੀਂ ਮੰਗਦਾ। ਉਹ ਆਪਣੇ ਬਲ ਨਾਲ ਹਾਸਲ ਕਰਦਾ ਹੈ। ਤੁਹਾਡੀ ਅਣਖ ਕਿਥੇ ਗਈ ਹੈ ? ਖਾਲਸਾ ਵਾਹਿਗੁਰੂ ਦਾ ਹੈ, ਉਹ ਕਿਸੇ ਕੋਲੋਂ ਖੈਰ ਨਹੀਂ ਮੰਗਦਾ।" ਜਦ ਸ਼ਾਹ ਜ਼ਮਾਨ ਦਾ ਏਲਚੀ ਆਇਆ ਤਾਂ ਸਭ ਸਰਦਾਰਾਂ ਵਲੋਂ ਬੋਲਦੇ ਹੋਏ ਬਾਬਾ ਜੀ ਨੇ ਕਹਿਆ, "ਕਹਿ ਦਿਉ ਸ਼ਾਹ ਜ਼ਮਾਨ ਨੂੰ ਕਿ ਇਹ ਧਰਤੀ ਸਾਡੀ ਆਪਣੀ ਹੈ। ਉਹ ਵਾਪਸ ਆਪਣੇ ਦੇਸ਼ ਤੁਰ ਜਾਏ। ਪੰਜਾਬ ਨੂੰ ਤਲਵਾਰ ਦੇ ਜ਼ੋਰ ਨਾਲ ਜਿਤਿਆ ਹੈ ਤੇ ਤਲਵਾਰ ਦੇ ਜ਼ੋਰ ਨਾਲ ਹੀ ਰਖਾਂਗੇ।" ਸ਼ਾਹ ਜ਼ਮਾਨ ਨੇ ਜਦ ਇਹ ਸੁਣਿਆ ਤਾਂ ਬਹੁਤ ਸਟਪਟਾਇਆ ਤੇ ਧਮਕੀਆਂ ਦਿੱਤੀਆਂ ਕਿ ਉਹ ਸਿੱਖਾਂ ਨੂੰ ਸਬਕ ਸਿਖਾਏਗਾ। ਪਰ ਸਭ ਉਸ ਦੀਆਂ ਫੋਕੀਆਂ ਗੱਲਾਂ ਸਨ। ਉਸ ਨੂੰ ਮੁੜਨ ਦੀ ਕਾਹਲੀ ਸੀ। ਅਫ਼ਗਾਨਿਸਤਾਨ ਵਿਚ ਉਸ ਦਾ ਭਰਾ ਮਹਿਮੂਦ ਫਤੂਰ ਪਾ ਰਹਿਆ ਸੀ ਤੇ ਫੌਜਾਂ ਕਈ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਰਕੇ ਆਕੀ ਹੋ ਰਹੀਆਂ ਸੀ। ਸੋ ਇਹ ਆਖ ਕੇ ਵਾਪਸ ਮੁੜ ਗਇਆ ਕਿ ਮਹਿਮੂਦ ਨਾਲ ਨਿਬੜਕੇ ਉਹ ਛੇਤੀ ਪੰਜਾਬ ਮੁੜੇਗਾ। ਪੰਜਾਬ ਉਹ ਜ਼ਰੂਰ ਮੁੜਿਆ ਪਰ ਪੂਰੇ ਬਾਰਾਂ ਸਾਲ ਬਾਅਦ ਜਦ ਉਸ ਦੀਆਂ ਅੱਖਾਂ ਦੀ ਜੋਤ ਉਸ ਦੇ ਭਰਾ ਮਹਿਮੂਦ ਨੇ ਕੱਢ ਲਈ ਤੇ ਮਹਾਰਾਜਾ ਰਣਜੀਤ ਸਿੰਘ ਕੋਲ ਸ਼ਰਨ ਲੈਣ ਲਈ ਆਇਆ। ਹੱਥ ਵਿਚ ਬੰਦੂਕ ਨਹੀਂ ਟੋਹਣਾ ਲੈ, ਫੋਜਾਂ ਨਹੀਂ ਬੇਨਤੀ ਲੈ। ਬਾਬਾ ਸਾਹਿਬ ਸਿੰਘ ਦੀ ਸੁਚੱਜੀ ਅਗਵਾਈ ਨੇ ਪੰਜਾਬ ਤੇ ਕੌਮ ਦੀ ਅਣਖ ਬਚਾ ਲਈ।

ਇਸੇ ਤਰ੍ਹਾਂ ਸ਼ਾਹ ਜ਼ਮਾਨ ਨੇ ਕਾਬਲ ਤੋਂ ਭੰਗੀ ਸਰਦਾਰਾਂ ਨੂੰ ਵੱਸ ਕਰਨ ਲਈ ਜਾਲ ਸੁਟੇ ਭੰਗੀ ਸਰਦਾਰ (ਮਹਾਰਾਜਾ) ਰਣਜੀਤ ਸਿੰਘ ਨਾਲ ਲੜਨ ਲਗੇ ਤੇ ਸ਼ਾਹ ਜ਼ਮਾਨ ਦੀ ਉਡੀਕ (1801) ਕਰਨ ਲਗੇ। ਬਾਬਾ ਸਾਹਿਬ ਜੀ ਸਮਝਦੇ ਸਨ ਕਿ ਲਾਹੌਰ ਦੀ ਪਾਈ ਝਾੜ ਕਾਫੀ ਹੈ ਸੋ ਉਹ ਸਤਲੁਜੋਂ ਪਾਰ ਦੀਆਂ ਸਿਖ ਰਿਆਸਤਾਂ ਨੂੰ ਸੰਗਠਨ ਕਰਨ ਲਈ ਚਲ ਪਏ। ਪਰ ਮਹਿਸੂਸ ਕਰ ਰਹੇ ਸਨ ਕਿ ਜਾਰਜ ਥਾਮਸ ਨੂੰ ਜੇ ਰੋਕ ਨਾ ਪਾਈ ਗਈ ਤਾਂ ਸਤਲੁਜ ਪਾਰ ਦਾ ਇਲਾਕਾ ਸਿਖਾਂ ਹਥੋਂ ਨਿਕਲ ਜਾਏਗਾ। ਸਿਖ ਰਿਆਸਤਾਂ ਦੇ ਮੁੱਖੀਆਂ ਨੇ ਜਨਰਲ ਪੈਰਣ ਕੋਲੋਂ ਮਦਦ ਮੰਗੀ। ਉਸਨੇ ਸਹਾਇਤਾ ਦੇਣ ਦੇ ਮੁਲ ਵਜੋਂ ਪੰਜਾਬ ਦਾ ਇਕ ਹਿਸਾ ਮੰਗਿਆ। ਸਿਖ ਸਰਦਾਰ ਤਿਆਰ ਬੈਠੇ ਸਨ ਕਿ ਖਬਰ ਬਾਬਾ ਸਾਹਿਬ ਸਿੰਘ ਜੀ ਕੋਲ ਪੁਜੀ। ਉਨ੍ਹਾਂ ਨੇ ਐਸਾ ਕੋਈ ਕਦਮ ਚੁਕਣ ਤੋਂ ਰੋਕਿਆ ਤੇ ਆਪਣੇ ਬਲ ਉਤੇ ਹੀ ਭਰੋਸਾ ਰਖਣ ਲਈ ਕਿਹਾ। "ਇਕੱਠ ਵਿਚ ਸਾਰੀਆਂ ਸ਼ਕਤੀਆਂ ਹਨ" ਤੇ ਸਿੱਖ ਰਿਆਸਤਾਂ ਨੂੰ ਇਕ ਝੰਡੇ ਹੇਠਾਂ ਥਾਮਸ ਦਾ ਟਾਕਰਾ ਕਰਨ ਲਈ ਕਹਿਆ। ਇਹ ਦੇਣ ਵੀ ਬਾਬਾ ਜੀ ਦੀ ਹੀ ਹੈ ਕਿ ਸਿਖ ਰਿਆਸਤਾਂ ਵਿਚ ਸਿਖੀ ਅਹਿਸਾਸ ਜਗਾਇਆ। ਪਰ ਅਜੇ ਉਹ ਇਕੱਠ ਕਰਾ ਹੀ ਰਹੇ ਸਨ ਕਿ ਇਹ ਖਬਰ ਆਈ ਕਿ ਭੰਗੀ ਸਰਦਾਰ ਤੇ (ਮਹਾਰਾਜਾ) ਰਣਜੀਤ ਸਿੰਘ ਦੀ ਘਰੇਲੂ ਜੰਗ ਖਤਰਨਾਕ ਸੂਰਤ ਧਾਰਨ ਕਰ ਗਈ ਹੈ। ਭੰਗੀ ਸਰਦਾਰ ਛਿਥੇ ਪੈਕੇ ਸ਼ਾਹ ਜ਼ਮਾਨ ਦੀ ਅਧੀਨਗੀ ਸਵੀਕਾਰ ਕਰ ਰਹੇ ਹਨ। ਆਪ ਜੀ ਪੈਂਡਾ ਮੁਕਾ ਕੇ ਗੁਜਰਾਤ ਆਏ ਤੇ ਆਪਸ ਵਿਚ ਲੜਣ ਲਈ ਤਿਆਰ ਬੈਠੇ ਸਰਦਾਰਾਂ ਵਿਚ ਨਿਝੱਕ ਹੋ ਕੇ ਪੁਜ ਗਏ। ਬਾਬਾ ਜੀ ਨੂੰ ਦੇਖਦੇ ਸਾਰ ਹੀ ਸਭ ਤੋਂ ਪਹਿਲਾਂ (ਮਹਾਰਾਜਾ) ਰਣਜੀਤ ਸਿੰਘ ਨੇ ਆਪਣੀ ਤਲਵਾਰ ਉਤਾਰ ਕੇ ਬਾਬਾ ਜੀ ਦੇ ਸਾਹਮਣੇ ਰੱਖ ਦਿੱਤੀ ਤੇ ਚੁਪ ਕਰਕੇ ਖਲੋ ਗਏ। ਐਸਾ ਪ੍ਰਕਾਸ਼ਮਈ ਚੇਹਰਾ ਸੀ ਬਾਬਾ ਜੀ ਦਾ ਤੇ ਕੁਝ ਅਜਿਹਾ ਪ੍ਰਭਾਵ ਸੀ ਉਨ੍ਹਾਂ ਦੀ ਸ਼ਖਸੀਅਤ ਦਾ ਕਿ ਬਾਕੀ ਸਭ ਆਕੀ ਹੋਏ ਸਰਦਾਰਾਂ ਨ ਵੀ ਤਲਵਾਰਾਂ ਉਤਾਰ ਕੇ ਰੱਖ ਦਿਤੀਆਂ। ਮੁਨਸ਼ੀ ਸੋਹਣ ਲਾਲ ਲਿਖਦਾ ਹੈ ਕਿ ਸਭ ਤਲਵਾਰਾਂ ਤਕਰੀਬਨ ਇਕ ਘੰਟਾ ਉਸੇ ਤਰ੍ਹਾਂ ਪਈਆਂ ਰਹੀਆਂ ਤੇ ਕਿਸੇ ਦੀ ਇਹ ਜੁਰਅਤ ਨਾਂਹ ਹੋ ਸਕੀ ਕਿ ਤਲਵਾਰ ਨੂੰ ਹੱਥ ਪਾਏ। ਆਖਰ ਬਾਬਾ ਜੀ ਨੇ ਆਪਣੀ ਤਲਵਾਰ ਰਣਜੀਤ ਸਿੰਘ ਦੇ ਲੱਕ ਨਾਲ ਬੰਨੀ ਤੇ ਵਰ ਦਿਤਾ ਕਿ ਛੇਤੀ ਹੀ ਇਹ ਸਾਰੇ ਪੰਜਾਬ ਦਾ ਮਹਾਰਾਜਾ ਹੋਵੇਗਾ। ਕਿਸੇ ਵੀ ਮਾੜਾ ਨਾ ਕਹਿਆ ਤੇ ਰਾਜ ਗੱਦੀ ਦਾ ਦਿਨ ਵੀ ਉਥੇ ਹੀ ਨੀਯਤ ਹੋ ਗਇਆ।

1801 ਦੀ ਵੈਸਾਖੀ ਨੂੰ ਸ਼ਾਹੀ ਕਿਲੇ ਵਿਚ ਬਾਬਾ ਜੀ ਨੇ ਆਪ ਅਰਦਾਸ ਕਰਕੇ "ਸਿੰਘ ਸਾਹਿਬ, ਮਹਾਰਾਜਾ ਰਣਜੀਤ ਸਿੰਘ" ਆਖ ਕੇ ਵਰ ਦਿਤਾ ਤੇ ਮਥੇ ਉਤੇ ਕੇਸਰ ਦਾ ਤਿਲਕ ਲਗਾਇਆ। 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡੇ ਗਏ। ਬਾਬਾ ਸਾਹਿਬ ਸਿੰਘ ਜੀ ਦਾ ਕਿਤਨਾ ਕੁ ਪ੍ਰਭਾਵ ਮਹਾਰਾਜਾ ਰਣਜੀਤ ਸਿਘ ਉਤੇ ਸੀ ਇਸ ਦਾ ਮੁਖ ਉਦਾਹਰਣ

ਨਾਨਕ ਸ਼ਾਹੀ ਸਿੱਕਾ ਹੈ। ਰੁਪੈ ਦਾ ਨਾਂ ਨਾਨਕ ਸ਼ਾਹੀ ਰੁਪਿਆ ਤੇ ਪੈਸੇ ਨੂੰ ਨਾਨਕ ਸ਼ਾਹੀ ਪੈਸਾ ਆਖਿਆ ਗਇਆ। ਸਿਕੇ ਉਤੇ ਵੀ ਉਹ ਤੁਕ ਲਿਖੀ ਜਾਣੀ ਪ੍ਰਵਾਨ ਹੋਈ ਜਿਹੜੀ ਬਾਬਾ ਬੰਦਾ ਸਿੰਘ ਜੀ ਦੀ ਸੀਲ ਮੋਹਰ ਸੀ। ਤੁਕ ਦੇ ਸ਼ਬਦ ਸਨ :—

ਦੇਗ ਤੇਗ ਫਤਹ ਨੁਸਰਤ ਬੇਦ ਰੰਗਾ।
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ।'

ਉਸ ਦਿਨ ਜਿਤਨੇ ਵੀ ਸਿਕੇ ਢਾਲੇ ਗਏ ਸਭ ਧਰਮ ਅਰਥ ਵੰਡ ਦਿਤੇ ਗਏ। ਇਕ ਗੱਲ ਹੋਰ ਚੇਤੇ ਰਖਣ ਵਾਲੀ ਹੈ ਕਿ ਮਹਾਰਾਜਾ ਭਾਵੇਂ ਪੂਰਨ ਮਾਲਕ ਸੀ ਪਰ ਉਸਨੇ ਆਪਣੇ ਸਿਰ ਤੇ ਤਾਜ ਰਖੇ ਜਾਣਾ ਪਰਵਾਨ ਨਾ ਕੀਤਾ ਤੇ ਨਾ ਹੀ ਬੈਠਣ ਲਈ ਤਖਤ ਬਣਵਾਇਆ। ਇਥੋਂ ਤਕ ਕਿ ਉਸਦੀ ਆਪਣੀ ਮੋਹਰ ਜੋ ਸਰਕਾਰੀ ਮੋਹਰ ਕਰਕੇ ਪ੍ਰਸਿਧ ਸੀ ਉਤੇ ਆਮ ਸਿਖ ਸਰਦਾਰਾਂ ਤੇ ਸਿਪਾਹੀਆਂ ਵਾਂਗ ਕੇਵਲ ਅਕਾਲ ਸਹਾਇ ! ਰਣਜੀਤ ਸਿੰਘ ਦੇ ਸ਼ਬਦ ਉਕਰੇ ਹੋਏ ਸਨ। ਦੂਜੀਆਂ ਸਰਕਾਰਾਂ ਨਾਲ ਚਿਠੀ ਪੱਤਰ ਤੇ ਇਕਰਾਰ ਨਾਮੇ ਕਰਨ ਲਗਿਆਂ ਵੀ ਰਣਜੀਤ ਸਿੰਘ ਦਾ ਨਾਂ ਨਹੀਂ ਵਰਤਿਆ ਜਾਂਦਾ ਸੀ, ਸਗੋਂ ਸਰਕਾਰ ਖਾਲਸਾ ਦਾ ਨਾਂ ਲਿਖਿਆ ਜਾਂਦਾ ਸੀ। ਬਾਬਾ ਸਾਹਿਬ ਸਿੰਘ ਜੀ ਨੇ ਉਸ ਨੂੰ ਚੰਗੀ ਤਰ੍ਹਾਂ ਇਹ ਦ੍ਰਿੜ ਕਰਾ ਦਿਤਾ ਸੀ ਕਿ ਖਾਲਸਾ ਪੰਥ ਦੀ ਨੀਂਹ ਬਰਾਬਰੀ ਦੇ ਅਸੂਲਾਂ ਤੇ ਰਖੀ ਗਈ ਹੈ। ਇਸ ਵਿਚ ਬਾਦਸ਼ਾਹ ਤੇ ਪ੍ਰਜਾ ਵਾਲਾ ਸਬੰਧ ਉਕਾ ਹੀ ਨਹੀਂ ਹੈ। ਉਸ ਨੂੰ ਕੋਈ ਅਜੇਹਾ ਕਰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਸਦੀ ਹਸਤੀ ਖਾਲਸਾ ਪੰਥ ਤੋਂ ਵਧ ਜਾਪੇ।

ਤਕਰੀਬਨ ਪਿਛਲੇ ਸੌ ਸਾਲਾ ਤੋਂ ਗੁਰਦਵਾਰਿਆਂ ਦੀ ਸੰਭਾਲ ਦਾ ਕੰਮ ਜਥੇਬੰਦਕ ਤੌਰ ਤੇ ਨਹੀਂ ਸੀ ਹੋ ਰਿਹਾ। ਕੁਝ ਗੁਰਦੁਆਰਿਆਂ ਨੂੰ ਛਡ ਕੇ ਬਾਕੀ ਗੁਰਦਵਾਰਿਆਂ ਦੇ ਮੁਸ਼ਕਲ ਨਾਲ ਹੀ ਨਿਸ਼ਾਨ ਮਿਲਦੇ ਸਨ। ਬਾਬਾ ਸਾਹਿਬ ਸਿੰਘ ਜੀ ਆਪ ਤੀਰਥ ਅਸਥਾਨਾਂ ਉਤੇ ਜਾਕੇ ਉਹਨਾਂ ਗੁਰਦੁਆਰਿਆਂ ਦੀ ਮਾੜੀ ਹਾਲਤ ਦੇਖ ਆਏ ਸਨ। ਸੋ ਉਹਨਾਂ ਮਹਾਰਾਜਾ ਰਣਜੀਤ ਸਿੰਘ ਨੂੰ ਸਭ ਤੋਂ ਪਹਿਲਾਂ ਧਰਮ ਅਸਥਾਨਾਂ ਨੂੰ ਆਤਮ ਨਿਰਭਰ ਕਰਨ ਲਈ ਪ੍ਰੇਰਨਾ ਕੀਤੀ। ਮਹਾਰਾਜਾ ਨੇ ਤਕਰੀਬਨ ਹਰ ਵਡੇ ਗੁਰਦੁਆਰੇ ਨਾਲ ਜਾਗੀਰ ਲਗਾ ਦਿਤੀ ਤੇ ਛੋਟੇ ਗੁਰਦੁਆਰਿਆਂ ਦਾ ਮਹੀਨੇਵਾਰ ਬੰਨ ਦਿਤਾ। ਜਦ ਬਾਬਾ ਸਾਹਿਬ ਸਿੰਘ ਜੀ ਨੇ ਗੁਰੂ ਨਾਨਕ ਦੇ ਜਨਮ ਸਥਾਨ ਉਤੇ ਯੋਗ ਗੁਰਦੁਆਰਾ ਨਾ ਬਣਨ ਦੀ ਗੱਲ ਕਹੀ ਤਾਂ ਮਹਾਰਾਜਾ ਨੇ ਨਾਟਕੀ ਢੰਗ ਨਾਲ ਕਿਹਾ ਕਿ ਉਹ ਆਪਣੇ ਘੋੜੇ ਉਤੇ ਸਵਾਰ ਹੋ ਕੇ ਸੂਰਜ ਚੜ੍ਹਨ ਤੋਂ ਸੂਰਜ ਛਿਪਣ ਤਕ ਜਿਤਨੀ ਜ਼ਮੀਨ ਵਲ ਲੈਣ ਉਹ ਜਾਗੀਰ ਦੇ ਤੌਰ ਤੇ ਗੁਰਦੁਆਰਾ ਜਨਮ ਅਸਥਾਨ ਨਾਲ ਲਗਾ ਦਿਤੀ ਜਾਏਗੀ। ਬਾਬਾ ਜੀ ਆਪਣੇ ਘੋੜੇ ਉਤੇ ਸਵਾਰ ਹੋਕੇ ਸਰਘੀ ਖਾਕੇ ਨਿਕਲ ਪਏ ਤੇ ਬਗੈਰ ਘੋੜੇ ਤੋਂ ਉਤਰੇ ਹੀ ਸਾਰਾ ਦਿਨ ਨਿਸ਼ਾਨ

ਲਗਾਕੇ ਜਦ ਉਹ ਵਾਪਸ ਮੁੜੇ ਤਾਂ ਸੂਰਜ ਛਿਪਣ ਵਿਚ ਤਕਰੀਬਨ ਇਕ ਘੰਟਾ ਬਾਕੀ ਸੀ। ਸਾਰਿਆਂ ਨੇ ਬਾਬਾ ਜੀ ਦੀ ਘਾਲ ਨੂੰ ਵਧਾਈ ਦਿਤੀ ਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਜਮੀਨ ਦਾ ਪਟਾ ਗੁਰਦੁਆਰਾ ਜਨਮ ਅਸਥਾਨ ਨਾਲ ਕਰ ਦਿਤਾ। ਇਕ ਹਿਸਾਬ ਨਾਲ ਉਹਨਾਂ ਸਤ ਸੌ ਮੁਰੱਬੇ ਵਲ ਲਏ ਸਨ। ਗੁਰਦੁਆਰਿਆਂ ਵਲ ਧਿਆਨ ਦਲਵਾਉਣਾ ਬਾਬਾ ਜੀ ਦਾ ਇਕ ਹੋਰ ਮਹਾਨ ਉਪਕਾਰ ਸੀ।

ਬਾਬਾ ਸਾਹਿਬ ਸਿੰਘ ਜੀ ਨੂੰ ਜਦ ੧੮੦੮ ਈ: ਵਿਚ ਪਤਾ ਲਗਾ ਕਿ ਮੈਟਕਾਫ ਨਾਂ ਦਾ ਅੰਗਰੇਜਾਂ ਦਾ ਸਫੀਰ ਸਿਖ ਰਿਆਸਤਾਂ ਉਤੇ ਜਾਲ ਸੁਟ ਰਹਿਆ ਹੈ ਤੇ ਲਾਹੌਰ ਤੇ ਪਟਿਆਲਾ ਦੇ ਝਗੜਿਆਂ ਦਾ ਲਾਭ ਉਠਾ ਕੇ ਸਿਖ ਰਿਆਸਤਾਂ ਨਾਲ ਐਸੀ ਸੰਧੀ ਉਤੇ ਦਸਖਤ ਕਰਾਉਣਾ ਚਾਹੁੰਦਾ ਹੈ ਜਿਸ ਨਾਲ ਪੰਥ ਵਿਚ ਸਦੀਵੀ ਫੁਟ ਪੈਣ ਦਾ ਡਰ ਹੈ ਤਾਂ ਆਪ ਜੀ ਪਟਿਆਲੇ ਦੇ ਰਾਜਾ ਸਾਹਿਬ ਸਿੰਘ ਕੋਲ ਪੁਜੇ ਤੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਮਿਤਰਤਾ ਕਰਨ ਲਈ ਕਹਿਆ। ਆਪਣੇ ਸਾਹਮਣੇ ਦੋਵਾਂ ਦੀਆਂ ਪੱਗਾਂ ਵਟਾਈਆਂ। ਮੈਟਕਾਫ ਸਮਝ ਗਿਆ ਕਿ ਉਸ ਏਕੇ ਸਾਹਮਣੇ ਤੇ ਬਾਬਾ ਸਾਹਿਬ ਸਿੰਘ ਦੇ ਹੁੰਦਿਆਂ ਇਕ ਨਹੀਂ ਚਲੇਗੀ। ਸੋ ਉਸ ਸਮਾਂ ਟਪਾਉਣਾ ਯੋਗ ਜਾਣਿਆ। ਇਕ ਤਾਂ ਮਹਾਰਾਜਾ ਰਣਜੀਤ ਸਿੰਘ ਵਾਪਸ ਅੰਮ੍ਰਿਤਸਰ ਪੁਜ ਗਏ, ਦੂਜੇ ਅਖਤਰਲੋਨੀ ਨੇ ਦਿਲੀ ਤੋਂ ਤੁਰ ਕੇ ਫਿਰ ਡਰਾਉਣਾ ਧਮਕਾਉਣਾ ਅਰੰਭ ਦਿਤਾ। ਏਕੇ ਦੀਆਂ ਖੁਸ਼ੀਆਂ ਅੰਮ੍ਰਿਤਸਰ ਮਨਾਈਆ ਹੀ ਜਾ ਰਹੀਆ ਸਨ ਕਿ ਮਿੰਟੋ ਦੇ ਪਤਰ ਉਤੇ ਸਿਖ ਰਿਆਸਤਾਂ ਨੇ ਦਸਤਖਤ ਕਰ ਦਿਤੇ। ਮਹਾਰਾਜਾ ਰਣਜੀਤ ਸਿੰਘ ਜੀ ਲੜਨ ਲਈ ਤਿਆਰ ਹੋ ਗਏ, ਪਰ ਬਾਬਾ ਸਾਹਿਬ ਸਿੰਘ ਜੀ ਨੇ ਆ ਕੇ ਇਹ ਹੀ ਸਮਝਾਇਆ ਕਿ ਲੜਾਈ ਵਿਚ ਭਰਾਵਾਂ ਦਾ ਹੀ ਕਤਲ ਹੈ ਅਤੇ ਅੰਗਰੇਜ਼ ਵਿਰੁਧ ਉਸ ਸਮੇਂ ਲੜਾਈ ਵੀ ਮਹਿੰਗੀ ਪਵੇਗੀ। ਸੋ ਮਜਬੂਰਨ ਅੰਗਰੇਜ਼ਾਂ ਨਾਲ ਸੰਧੀ ਕਰਨੀ ਪਈ। ਮਹਾਰਾਜਾ ਰਣਜੀਤ ਸਿੰਘ ਜੀ ਤਾਂ ਕਈ ਰਾਤਾਂ ਸੌਂ ਨਾ ਸਕੇ। ਬਾਬਾ ਜੀ ਨੇ ਵੀ ਚਿੰਤਾ ਪ੍ਰਗਟ ਕਰਦੇ ਹੋਏ ਕਹਿਆ, ਸਤਿਗੁਰਾਂ ਨੇ ਸਮੇਂ ੨ ਸਤ ਸੀਸ ਕੁਰਬਾਨ ਕਰਕੇ ਵਿਦੇਸ਼ੀ ਰਾਜਾਂ ਦੇ ਤਪ ਤੇ ਤੇਜ ਨੂੰ ਖਤਮ ਕੀਤਾ। ਬਖਸ਼ਸ਼ ਦਾਤੇ ਨੇ ਅੰਮ੍ਰਿਤ ਦੀ ਦਾਤ ਨਾਲ ਗਿਦੜਾਂ ਜੇਹੇ ਲੋਕਾਂ ਨੂੰ ਸਿੰਘ ਸਜਾ ਕੇ ਰਾਜ ਬਖਸ਼ਿਆ ਹੈ। ਪਰ ਅਫਸੋਸ! ਗੁਰੂ ਦੀਆਂ ਰਹਿਮਤਾਂ ਨੂੰ ਇਹ ਸਿਖ, ਭੰਗ ਦੇ ਭਾਅ ਗਵਾ ਰਹੇ ਹਨ। ਇਹ ਮੁੜ ਜਾਟ ਕੇ ਜਾਟ, ਝੀਵਰ ਕੇ ਝੀਵਰ, ਨਾਈ ਕੇ ਨਾਈ ਬਣ ਕੇ ਰਹਿਣਾ ਚਾਹੁੰਦੇ ਹਨ। ਇਹ ਗੁਰੂ ਦੀ ਦਾਤ ਨੂੰ ਸੰਭਾਲ ਨਹੀਂ ਸਕੇ, ਦੇਖਣ ਨੂੰ ਤਾਂ ਇਹ ਜ਼ਰੂਰ ਖਾਲਸਾ ਹਨ ਪਰ ਚੰਚਲ ਮਤ, ਪਰਤ੍ਰਿਯਾ ਗਾਮੀ, ਸ਼ਰਧਾ ਹੀਨ ਤੇ ਕਠੋਰ ਹਿਰਦੇ ਰਖਦੇ ਹੋਏ ਗੁਰਮਤ ਤਿਆਗ ਕੇ ਮਨ ਮਤੀਏ ਅਤੇ ਅਹੰਕਾਰੀ ਬਣਦੇ ਜਾ ਰਹੇ ਹਨ। ਐਸ਼੍ਰਰਜ ਵਿਚ ਡੁਬ ਕੇ ਰਸਾਤਲ ਵਿਚ ਜਾ ਰਹੇ ਹਨ। ਇਹ ਦੂਰ ਦੀਆਂ ਗੱਲਾਂ ਨੂੰ ਸੋਚਣਾ ਹੀ ਭੁਲ ਬੈਠੇ ਹਨ। ਇਨ੍ਹਾਂ ਨੂੰ

ਇਹ ਨਹੀਂ ਦਿਸਦਾ ਕਿ ਅੰਗਰੇਜ਼ ਕਿਵੇਂ ਵਧਦਾ ਆ ਰਹਿਆ ਹੈ। ਵਖਰੇ ਵਖਰੇ ਹੋ ਕੇ ਆਪਣਾ ਗੌਰਵ ਵੀ ਗਵਾ ਲੈਣਗੇ। ਪਰ ਅਧੀਨਤਾ ਵਿਚ ਦੁਖ ਪਾਉਣਗੇ। ਕੌਮ ਨੇ ਅਗੇ ਬਾਬਾ ਸਾਹਿਬ ਸਿੰਘ ਜੀ ਦੀ ਆਵਾਜ਼ ਨਾ ਸੁਣੀ ਤੇ ਦੁਖਾਂ ਨੂੰ ਫੜੀ ਗਈ। ਅਜ ਫਿਰ ਇਹ ਹੀ ਆਵਾਜ਼ ਘਰ ਘਰ ਪਹੁੰਚਾਣ ਦੀ ਲੋੜ ਹੈ ਤਾਂਕਿ ਉਨ੍ਹਾਂ ਆਗੂਆਂ ਨੂੰ ਮੱਤਾਂ ਮਤ ਆ ਜਾਵੇ ਤੇ ਕੌਮ ਨੂੰ ਰਾਹ ਮਿਲੇ।

ਅਣਖ ਉਤੇ ਸਟ ਪੈਂਦੀ ਦੇਖ ਕੇ ਬਾਬਾ ਜੀ ਕੋਲੋਂ ਚੁਪ ਨਹੀਂ ਸੀ ਰਹਿਣ ਹੁੰਦਾ। ਇਕ ਵਾਰੀ ਜਦ ਸ੍ਰੀ ਅੰਮ੍ਰਿਤਸਰ ਕਥਾ ਕਰ ਰਹੇ ਸਨ ਤਾਂ ਕਿਸੇ ਦਸਿਆ ਕਿ ਰਾਇਕੋਟ ਦੇ ਸਾਲਾਰ ਰੋਸ਼ਨਖਾਨ ਨੇ ਸ਼ਬਦ, ਕੀਰਤਨ ਤੇ ਸੰਗਤ ਦੇ ਇਕੱਠੇ ਉਤੇ ਪਾਬੰਦੀ ਲਗਾ ਦਿਤੀ ਹੈ। ਤਾਂ ਉਸ ਸਮੇਂ ਕਥਾ ਉਪਰੰਤ ਸੰਗਤਾਂ ਨੂੰ ਵੰਗਾਰ ਪਾ ਕੇ ਘੋੜੇ ਉਤੇ ਸਵਾਰ ਹੋ ਕੇ ਰਾਇਕੋਟ ਵਲ ਚਲ ਪਏ। ਉਨ੍ਹਾਂ ਦੀ ਅਦੁਤੀ ਕੁਰਬਾਨੀ ਦਾ ਸੰਦੇਸ਼ ਸੁਣਕੇ ਰਾਹ ਵਿਚ ਹੀ ੮000 ਸਿਰ ਲੱਥ ਨਾਲ ਹੋ ਪਏ।

ਬਾਬਾ ਜੀ ਨੇ ਰਾਇ ਕੋਟ ਪਹੁੰਚਦੇ ਸਾਰ ਐਸਾ ਹੱਲਾ ਬੋਲਿਆ ਕਿ ਸਾਲਾਰ ਰੋਸ਼ਨ ਖਾਨ ਦੀ ਫੌਜ ਹੱਲੇ ਅਗੇ ਰੁਕ ਹੀ ਨਾ ਸਕੀ। ਜੋਰ ਲਗਾ ਕੇ ਉਸ ਨੇ ਲਸ਼ਕਰ ਇਕੱਠਾ ਕੀਤਾ ਹਰ ਬਾਬਾ ਜੀ ਉਸ ਉਤੇ ਐਸੇ ਟੁਟੇ ਜਿਵੇਂ ਕੋਈ ਸ਼ੇਰ ਲਲਕਾਰਾ ਮਾਰ ਆਪਣੇ ਸ਼ਿਕਾਰ ਉਤੇ ਲਪਕਦਾ ਹੈ। ਇਕੋ ਵਾਰ ਵਿਚ ਸਾਲਾਰ ਖਾਨ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਬਾਬਾ ਜੀ ਦਾ ਸਾਰੇ ਇਲਾਕੇ ਉਤੇ ਕਬਜ਼ਾ ਸੀ ਪਰ ਉਹ ਕੋਈ ਮਲਾਂ ਮਾਰਨ ਨਹੀਂ ਗਏ ਸਨ ਉਹ ਤਾਂ ਕੇਵਲ ਆਪਣੇ ਭਰਾਵਾਂ ਨੂੰ ਧਾਰਮਕ ਆਜ਼ਾਦੀ ਦਿਲਵਾਉਣ ਗਏ ਸਨ। ਸੋ ਸਾਲਾਰ ਦੇ ਟੱਬਰ ਨੂੰ ਹੀ ਜਿਤਿਆ ਇਲਾਕਾ ਮੋੜ ਦਿੱਤਾ। ਫਿਰ ਕਿਸੇ ਦੀ ਜੁਰਅਤ ਨਾ ਹੋ ਸਕੀ ਕਿ ਉਹ ਸਿਖਾਂ ਦੇ ਧਾਰਮਕ ਅਕੀਦਿਆਂ ਵਿਚ ਦਖਲ ਦੇਵੇ।

ਇਸ ਅਣਖ ਦੇ ਪੁਤਲੇ, ਜੋਧੇ, ਰਾਗੀ, ਕੀਰਤਨ ਦੇ ਰਸੀਏ, ਦੂਰ ਦ੍ਰਿਸ਼ਟੀ ਦੇ ਮਾਲਕ ਨੇ ਸੰਨ ੧੮੩੪ ਈ: ਦੇ ਅਰੰਭ ਵਿਚ ਚੜ੍ਹਾਈ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਦੇ ਅਕਾਲ ਚਲਾਣੇ ਨੂੰ ਕੌਮ ਦਾ ਨਾਂ ਪੂਰਿਆ ਜਾਣ ਵਾਲਾ ਘਾਟਾ ਕਹਿਆ।

ਬਾਬਾ ਸਾਹਿਬ ਸਿੰਘ ਜੀ ਇਤਨੀ ਸ਼ਕਤੀ, ਮਾਣਤਾ ਤੇ ਸੇਵਕੀ ਹੁੰਦਿਆਂ ਵੀ ਨਿਮ੍ਰਤਾ ਦੇ ਪੁੰਜ ਸਨ। ਇਤਿਹਾਸ ਵਿਚ ਆਉਂਦਾ ਹੈ ਕਿ ਪਿੰਡ ਦਾਦਨ ਖਾਨ ਦੇ ਇਕ ਫ਼ਕੀਰ ਹਰੀ ਹਰ ਨੇ ਉਨ੍ਹਾਂ ਦੀ ਨਿਮ੍ਰਤਾ ਦੀ ਪਰਖ ਕਰਨ ਲਈ, ਉਨ੍ਹਾਂ ਸਾਹਮਣੇ ਭਰੇ ਹੋਏ, ਦੀਵਾਨ ਵਿਚ, ਉਨ੍ਹਾਂ ਤੋਂ ਉੱਚੀ ਥਾਂ ਮਲ ਲਈ ਤੇ ਐਸੀਆਂ ਹਰਕਤਾਂ ਕੀਤੀਆਂ ਜੋ ਸੰਗਤਾਂ ਚੰਗੀਆਂ ਨਾ ਲੱਗੀਆਂ। ਸੰਗਤ ਵਿਚੋਂ ਕੁਝ ਟਹਿਲੂਆਂ ਨੇ ਜ਼ਬਰਦਸਤੀ 'ਹਰੀ ਹਰ' ਨੂੰ ਹੇਠਾਂ ਉਤਰਨ ਲਈ ਕਹਿਆ। ਕਈ ਲਾਠੀਆਂ ਲੈ ਕੇ ਵੀ ਪੁਜ ਗਏ। ਬਾਬਾ ਜੀ ਨੇ ਸਾਰਾ ਕੌਤਕ ਦੇਖ ਕੇ ਕਹਿਆ, "ਕੋਈ ਜਬਰ ਨਾ ਕਰੇ। ਸੰਤ ਆਪਣੀ ਮੌਜ ਵਿਚ ਬੈਠੇ ਹਨ। ਜਿਥੇ ਮੌਜ ਹੈ ਬੈਠਣ, ਸਭ ਪਿਛੇ ਹੱਟ ਜਾਣ।" ਹਰੀ ਹਰ' ਥਲੇ ਉਤਰ ਆਏ ਤੇ

ਸਿਰ ਝੁਕਾਇਆ ਅਤੇ ਕਹਿਆ, ਜਹਿਆ ਸੁਣੀਂਦਾ ਸੀ, ਤੈਸਾ ਹੀ ਡਿਠਾ। ਬਾਬਾ ਜੀ ਦੀ ਪਰਖ ਵਾਲੀ ਅੱਖ ਕਿਤਨੀ ਉੱਜਲ ਸੀ, ਇਸ ਦੀ ਵੀ ਇਕ ਸਾਖੀ ਸੰਤ ਰਤਨ ਮਾਲ ਵਿਚ ਆਉਂਦੀ ਹੈ। ਭਾਈ ਵਸਤੀ ਰਾਮ ਜੀ, ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨਾਂ ਨੂੰ ਊਨਾ ਗਏ। ਉਥੇ ਇਕ ਬ੍ਰਾਹਮਣ ਆਪਣੀ ਲੜਕੀ ਦੀ ਸ਼ਾਦੀ ਲਈ ਰੁਪੈ ਦੀ ਜਾਚਨਾ ਕਰ ਰਿਹਾ ਸੀ। ਭਾਈ ਵਸਤੀ ਰਾਮ ਜੀ ਨੇ ਡਿੱਠਾ ਕਿ ਇਕ ਸਰਦਾਰ ਨੇ ਪੰਜ ਸੌ ਰੁਪੈ ਤੇ ਅਨੇਕ ਹੋਰ ਵਸਤਾ ਭੇਟ ਕੀਤੀਆਂ। ਬਾਬਾ ਜੀ ਨੇ ਭੇਟਾ ਸਵੀਕਾਰ ਕਰਨ ਤੋਂ ਇਨਕਾਰ ਕਰ ਦਿਤਾ। ਬ੍ਰਾਹਮਣ ਨੂੰ ਬੜੀ ਕਰਿਜ ਆਈ 'ਕਿ ਜੇ ਆਪ ਨਹੀਂ ਰਖਣੀ ਨੇ ਤਾਂ ਮੈਨੂੰ ਹੀ ਦਿਲਵਾ ਦੇਣ। ਉਸ ਆਖ ਵੀ ਦਿਤਾ ਪਰ ਬਾਬਾ ਜੀ ਇਨਕਾਰ ਹੀ ਕਰਦੇ ਰਹੇ। ਉਥੇ ਹੀ ਭਾਈ ਵਸਤੀ ਰਾਮ ਜੀ ਨੇ ਇਕ ਸੌ ਇਕ ਰੁਪਿਆ ਤੇ ਹੋਰ ਵਸਤੂਆਂ ਭੇਟ ਕੀਤੀਆਂ ਤਾਂ ਫੱਟ ਬਾਬਾ ਜੀ ਨੇ ਕਹਿਆ ਕਿ ਸਦੋ ਉਸ ਬ੍ਰਾਹਮਣ ਨੂੰ। ਬ੍ਰਾਹਮਣ ਨੂੰ ਭਾਈ ਜੀ ਵਾਲਾ ਸੌ ਰੁਪਿਆ ਦੇ ਕੇ ਆਖਣ ਲਗੇ ਕਿ ਇਹ ਭੇਟਾ ਲਵੋ, ਵਾਹਿਗੁਰੂ ਬਰਕਤ ਪਾਵੇਗਾ। ਇਹ ਮਹਾਂ ਪਵਿਤਰ ਕੌਡੀ ਹੈ।" ਅਜ ਕੌਣ ਦੇਖਦਾ ਹੈ ਕਿ ਪਾਵਨ ਕੌਡੀ ਕਿਹੜੀ ਹੈ ਤੇ ਪਲੀਤ ਕਿਹੜੀ ਹੈ। ਕੀ ਸਾਡੇ ਨਿਘਰਨ ਦਾ ਕਾਰਨ ਇਹ ਤਾਂ ਨਹੀਂ ਕਿ ਸਾਡੀ ਕਿਰਤ ਸੁਚੀ ਨਹੀਂ ਰਹੀ ? ਬਾਬਾ ਜੀ ਨੇ ਪੂਰਨੇ ਪਾਏ ਪਰ ਅਸੀਂ ਉਨ੍ਹਾਂ ਉਤੇ ਲਿਖ ਨਹੀਂ ਸਕੇ। ਹੁਣ ਦਾਤਾ ਹੀ ਮੇਹਰ ਕਰੇ।

---

# ਵਰਤਮਾਨ ਗੱਦੀ-ਨਸ਼ੀਨ ਵਲੋਂ ਸੰਗਤਾਂ ਪ੍ਰਤੀ ਸੇਵਾ

ਵਰਤਮਾਨ ਸਮੇਂ ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨ ਦੇ ਚਮਕਦੇ
ਸਤਾਰੇ 16ਵੀਂ ਅੰਸ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਇਸ ਸਮੇ
ਨਗਰ ਮਨਸੂਰਾਂ ਵਿਖੇ ਬਿਰਾਜਮਾਨ ਹਨ ਤੇ ਸੰਗਤਾਂ ਦੀ ਤੁਰ ਫਿਰ
ਬਦੇਸ਼ ਇੰਗਲੈਂਡ, ਯੂ. ਐਸ. ਏ., ਕਨੇਡਾ, ਡੁਬਈ, ਕੀਨੀਆ ਵਗੈਰਾ ਪ੍ਰ
ਕੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ, ਗੁਰੂ ਨਾਨਕ ਪਾਤਸ਼ਾ
ਦਾ ਇਤਿਹਾਸ ਸੁਣਾਂਦੇ ਹਨ ਤੇ ਪੁਰ ਜ਼ੋਰ ਅਪੀਲ ਕਰਦੇ ਹਨ ਗੁਰੂ ਸਿਖ
ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਹਾਜ਼ਰ ਨਾਜ਼ਰ ਗੁਰੂ ਸਮਝੋ ਤੇ ਦੰਭੀਅ
ਪਖੰਡੀਆਂ ਤੇ ਮਨ ਘੜਤ ਆਗੂਆਂ ਤੋਂ ਕਿਨਾਰਾ ਕਰੋ। ਇਸ ਸਮੇਂ ਜਿ
ਆਤਮਕ ਤੌਰ ਤੇ ਸੇਵਾ ਕਰ ਰਹੇ ਹਨ ਉਥੇ ਸੰਗਤਾਂ ਦੀ ਸਰੀਰਕ ਤੌਰ ਤੇ ਸੇਵ
ਲਈ ਨਾਮ ਜਪਨ ਤੇ ਜਪਾਨ ਨੂੰ ਅਸਥਾਨ ਅਮਾਰਤਾਂ ਕਾਇਮ ਕਰ ਰਹੇ ਹਨ
ਸੰਗਤਾਂ ਦਾ ਦਾਨ ਕਰਾ ਪ੍ਰਚਾਰ ਕਰ ਰਹੇ ਹਨ ਤੇ ਪ੍ਰਮੇਸ਼ਰ ਦੀ ਪੂਜਾ ਕਰਵਾ ਰ
ਹਨ। ਇਸ ਸਮੇਂ ਕਈ ਲਖ ਰੁਪਿਆ ਖਰਚ ਕੇ ਮਨਸੂਰਾਂ ਵਿਖੇ ਹਸਪਤਾਲ ਕਾਇ
ਕੀਤਾ ਹੈ ਤੇ ਸਰਕਾਰ ਪੰਜਾਬ ਨੂੰ ਚਲਾਉਣ ਲਈ ਦੇ ਦਿਤਾ ਹੈ। ਊਨਾ ਸਾਹਿ
ਵਿਖੇ ਅਪਾਹਜ ਬੱਚਿਆਂ ਦਾ ਹਸਪਤਾਲ ਕਾਇਮ ਕੀਤਾ ਹੈ ਤੇ ਹੋਰ ਸੁਆ
ਨਾਲ ਸੇਵਾ ਨਿਭਾਉਣ ਤੇ ਤਤਪਰ ਹਨ।

# ਗੁਰ-ਬਸਾਵਲੀ

ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ    ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ    ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ, ਬਾਬਾ ਜਗਤ ਚੰਦ ਜੀ, ਬਾਬਾ ਹੰਸ ਰਾਜ ਜੀ ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿਤ ਚੰਦ ਜੀ, ਬਾਬਾ ਪਹਾੜ ਚੰਦ ਜੀ, ਬਾ: ਤਾਰਾ ਚੰਦ ਜੀ, ਬਾਬਾ ਫਤਿਹ ਚੰਦ ਜੀ, ਬਾ: ਉਦੇ ਚੰਦ ਜ

ਬਾਬਾ ਹਰਿਕਰਣ ਚੰਦ ਜੀ, ਬਾਬਾ ਮਨਸਾ ਚੰਦ ਜੀ, ਬਾਬਾ ਆਸਾ ਚੰਦ ਜੀ, ਬਾਬਾ ਸੂਰਜ ਚੰਦ ਜੀ

ਬਾਬਾ ਨਿਹਾਲ ਚੰਦ ਜੀ, ਬਾਬਾ ਹਰਜਸ ਜੀ, ਬਾਬਾ ਦੀਪ ਚੰਦ ਜੀ ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ, ਬਾਬਾ ਲੱਜਾ ਧਾਰੀ ਜੀ

ਬਾਬਾ ਕੁਇਰ ਸਿੰਘ ਜੀ, ਬਾਬਾ ਧਰਮ ਸਿੰਘ ਜੀ, ਬਾਬਾ ਅਜੀਤ ਸਿੰਘ ਜੀ, ਬਾਬਾ ਸਾਗਰ ਚੰਦ ਜੀ

ਬਾਬਾ ਅਵਤਾਰ ਚੰਦ ਜੀ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਬਿਸ਼ਨ ਸਿੰਘ ਜੀ    ਸ੍ਰੀ ਬਾਬਾ ਤੇਗ ਸਿੰਘ ਜੀ    ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ    ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ

ਸ੍ਰੀ ਬਾਬਾ ਖੇਮ ਸਿੰਘ    ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ-ਨਸ਼ੀਨ)

ਟਿੱਕਾ ਸਰਬਜੋਤ ਸਿੰਘ ਜੀ

ਟਿੱਕਾ ਅਮਰਜੋਤ ਸਿੰਘ ਜੀ

ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ
16ਵੀਂ ਸੰਤਾਨਕ ਜੋਤ ਗੁਰੂ ਨਾਨਕ ਪਾਤਸ਼ਾਹ



ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਵਰਤਮਾਨ ਗੱਦੀ-ਨਸ਼ੀਨ